# ਸਾਡੇ ਸਾਂਝੇ ਵਾਅਦੇ

ਸਾਡੇ ਸਾਂਝੇ ਵਾਅਦੇ ਫਰੇਜ਼ਰ ਹੈਲਥ ਦੇ ਮੁਲਾਜ਼ਮਾਂ, ਮਰੀਜ਼ਾਂ ਅਤੇ ਪਰਿਵਾਰਾਂ ਵਲੋਂ ਦਿੱਤਾ ਗਿਆ ਵਚਨ ਹੈ।

ਅਸੀਂ ਇਲਾਜ ਦਾ ਵਧੀਆ ਮਾਹੌਲ ਤਿਆਰ ਕਰਨ ਲਈ ਵਚਨਬੱਧ ਹਾਂ ਜੋ ਕਿ ਸਾਡੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਉੱਪਰ ਕੇਂਦਰਿਤ ਹੈ।

ਇਲਾਜ ਕਰਵਾ ਰਹੇ ਇਕ ਵਿਅਕਤੀ ਵਜੋਂ ਤੁਸੀਂ ਇਹ ਉਮੀਦ ਕਰ ਸਕਦੇ ਹੋ:

- ਆਦਰ ਅਤੇ ਮਾਣ
- ਸੇਫਟੀ ਅਤੇ ਸਫਾਈ
- ਗੱਲਬਾਤ
- ਸਾਂਝੀਦਾਰੀ
- ਸਮਝ
- ਪ੍ਰਾਈਵੇਸੀ ਅਤੇ ਭੇਤਦਾਰੀ

**ਇਸ ਚੀਜ਼ ਬਾਰੇ ਜ਼ਿਆਦਾ ਜਾਣਕਾਰੀ ਲਈ ਕਿ ਹਸਪਤਾਲ ਹੋਣ ਦੌਰਾਨ ਸੁਰੱਖਿਅਤ ਕਿਵੇਂ ਰਹਿਣਾ ਹੈ, ਸਾਡੇ ਵੈੱਬਸਾਈਟ 'ਤੇ ਜਾਉ:**

fraserhealth.ca/safetystartswithme

Catalogue #266142 (June 2019) Punjabi
To order: patienteduc.fraserhealth.ca

Punjabi

# ਕੀ ਸਾਡੇ ਲਈ ਤੁਹਾਡੀ ਕੋਈ ਪ੍ਰਸ਼ੰਸਾ, ਸਵਾਲ ਜਾਂ ਫਿਕਰ ਹੈ?

Do you have a **compliment**, **question** or **concern**?



ਹਸਪਤਾਲ ਵਿਚ ਹੋਣ ਦੌਰਾਨ ਸਾਨੂੰ ਆਪਣੇ ਇਲਾਜ ਬਾਰੇ ਦੱਸੋ।

fraserhealth
Better health. Best in health care.

## ਮੈਂ ਧੰਨਵਾਦ ਕਰਨਾ ਚਾਹਾਂਗਾ/ਚਾਹਾਂਗੀ...

ਜਦੋਂ ਵੀ ਸੰਭਵ ਹੋਵੇ ਕਿਰਪਾ ਕਰਕੇ ਉਸ ਵਿਅਕਤੀ ਨਾਲ ਆਪਣੇ ਚੰਗੇ ਵਿਚਾਰ ਸਾਂਝੇ ਕਰਨ ਦੀ ਕੋਸ਼ਿਸ਼ ਕਰੋ ਜਿਹੜਾ ਤੁਹਾਡੀ ਸੰਭਾਲ ਕਰਦਾ ਹੈ, ਜਾਂ ਇਨਚਾਰਜ ਹੈ ਜਾਂ ਮੈਨੇਜਰ ਹੈ।

ਤੁਸੀਂ ਆਪਣੇ ਵਲੋਂ ਕੀਤੀ ਜਾਣ ਵਾਲੀ ਪ੍ਰਸੰਸਾ ਪੇਸ਼ੈਂਟ ਕੇਅਰ ਕੁਆਲਟੀ ਆਫਿਸ ਨੂੰ ਵੀ ਭੇਜ ਸਕਦੇ ਹੋ। ਤੁਹਾਡੇ ਵਿਚਾਰਾਂ ਨੂੰ ਢੁਕਵੇਂ ਤਰੀਕੇ ਨਾਲ ਸਾਂਝਾ ਕੀਤਾ ਜਾਵੇਗਾ।

## ਮੈਂ ਕੋਈ ਸਵਾਲ ਪੁੱਛਣਾ ਚਾਹਾਂਗਾ/ਚਾਹਾਂਗੀ...

ਆਪਣੇ ਇਲਾਜ ਕਰਨ ਵਾਲੇ (ਜਾਂ ਇਨਚਾਰਜ) ਤੋਂ ਆਪਣੇ ਇਲਾਜ ਦੇ ਸੰਬੰਧ ਵਿਚ ਕਿਸੇ ਵੇਲੇ ਵੀ ਸਵਾਲ ਪੁੱਛੋ।

ਅਸੀਂ ਤੁਹਾਡੀ ਮਦਦ ਕਰਨ ਲਈ ਅਤੇ ਤੁਹਾਨੂੰ ਤੁਹਾਡੇ ਇਲਾਜ ਦੀ ਪਲੈਨਿੰਗ ਵਿਚ ਸ਼ਾਮਲ ਕਰਨ ਲਈ ਇੱਥੇ ਹਾਂ।

## ਮੈਂ ਆਪਣੇ ਇਲਾਜ ਬਾਰੇ ਕੋਈ ਫਿਕਰ ਜ਼ਾਹਰ ਕਰਨਾ ਚਾਹਾਂਗਾ/ਚਾਹਾਂਗੀ...

ਆਪਣੇ ਇਲਾਜ ਬਾਰੇ ਜੇ ਤੁਹਾਨੂੰ ਕੋਈ ਫਿਕਰ ਹੋਣ ਤਾਂ ਕਿਰਪਾ ਕਰਕੇ ਆਪਣੇ ਇਲਾਜ ਕਰਨ ਵਾਲੇ (ਜਾਂ ਇਨਚਾਰਜ) ਨਾਲ ਗੱਲ ਕਰੋ।

ਅਸੀਂ ਤੁਹਾਡੇ ਫਿਕਰ ਫੌਰਨ ਅਤੇ ਵਾਜਬ ਤਰੀਕੇ ਨਾਲ ਸੁਣਾਂਗੇ। ਸਾਡੇ ਤੋਂ ਆਪਣੇ ਨਾਲ ਕਿਸੇ ਵੀ ਤਰੀਕੇ ਨਾਲ ਵਿਤਕਰੇ ਤੋਂ ਬਿਨਾਂ ਹਮਦਰਦੀ, ਆਦਰ ਅਤੇ ਮਾਣ ਨਾਲ ਵਰਤਾਉ ਕੀਤੇ ਜਾਣ ਦੀ ਆਸ ਰੱਖੋ।

ਜੇ ਤੁਸੀਂ ਇਹ ਮਹਿਸੂਸ ਕਰੋ ਕਿ ਤੁਹਾਡੇ ਫਿਕਰ ਬਾਰੇ ਹੋਰ ਧਿਆਨ ਦਿੱਤੇ ਜਾਣ ਦੀ ਲੋੜ ਹੈ ਤਾਂ ਕਿਰਪਾ ਕਰਕੇ ਮੈਨੇਜਰ ਨੂੰ ਤੁਹਾਡੇ ਨਾਲ ਜਿੰਨਾ ਵੀ ਛੇਤੀ ਸੰਭਵ ਹੋ ਸਕੇ ਗੱਲ ਕਰਨ ਲਈ ਆਉਣ ਲਈ ਕਹੋ।

ਕੋਈ ਪ੍ਰਸੰਸਾ ਕਰਨਾ ਚਾਹੁੰਦੇ ਹੋ?
ਇਸ ਚੀਜ਼ ਤੋਂ ਨਾਖੁਸ਼ ਹੋ ਕਿ ਕਿਸੇ ਸਮੱਸਿਆ ਦਾ ਹੱਲ ਕਿਵੇਂ ਕੀਤਾ ਗਿਆ ਸੀ?
ਕਿਰਪਾ ਕਰਕੇ ਸਾਡੇ ਪੇਸ਼ੈਂਟ ਕੇਅਰ ਕੁਆਲਟੀ ਆਫਿਸ ਨਾਲ ਸੰਪਰਕ ਕਰੋ

1-877-880-8823
pcqoffice@fraserhealth.ca

fraserhealth
Better health. Best in health care.